ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ.307/ਦ ਮਿਤੀ 29/9/15

1081
29/9/2015

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਸਤਪਾਲ ਸਿੰਘ, ਡਿਪਟੀ ਕੁਲੈਕਟਰ ਨੂੰ ਸਰਕਾਰ ਦੇ ਪੱਤਰ ਨੰ: 5/30/2014-5ਸਿੰ:ਪ੍ਰੋ:2/486165/1-3, ਮਿਤੀ 15.5.2015 ਰਾਹੀਂ ਹੇਠ ਲਿਖੇ ਦੋਸਾਂ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ :-

> ਜਦੋਂ ਆਪ ਬਤੌਰ ਡਿਪਟੀ ਕੁਲੈਕਟਰ, ਅਬੋਹਰ ਵਿਖੇ ਤੈਨਾਤ ਸੀ ਤਾਂ ਆਪਣੀ ਤੈਨਾਤੀ ਦੌਰਾਨ ਮੋਘਾ ਨੰ: 72790 ਦੋਲਤਪੁਰਾ ਮਾਈਨਰ ਅਧੀਨ ਚੱਲ ਰਹੇ ਨਜਾਇਜ ਨੱਕੇ ਬਾਰੇ ਕਾਰਜਕਾਰੀ ਇੰਜੀਨੀਅਰ, ਅਬੋਹਰ ਨਹਿਰ ਮੰਡਲ ਅਬੋਹਰ ਵੱਲੋਂ ਪੱਤਰ ਮਿਤੀ 5.1.2012 ਨਾਲ ਆਪ ਨੂੰ ਭੇਜੀ ਗਈ ਸਿਕਾਇਤ ਤੇ ਅਮਲ ਨਾ ਕਰਦੇ ਹੋਏ ਤਕਰੀਬਨ 1 ਸਾਲ 7 ਮਹੀਨੇ ਬਾਅਦ ਮਿਤੀ 19.8.13 ਨੂੰ ਪਰਚਾ ਦਰਜ ਕਰਵਾਇਆ ਅਜਿਹਾ ਕਰਕੇ ਆਪ ਵੱਲੋਂ ਨਜਾਇਜ ਨੱਕਾ ਲਗਾਉਂਣ ਵਾਲੀ ਧਿਰ ਸ੍ਰੀ ਨਰਿੰਦਰ ਸਿੰਘ ਨੂੰ ਵਾਧੂ ਪਾਣੀ ਦੇ ਕੇ ਨਜਾਇਜ ਫਾਇਦਾ ਪਹੁੰਚਾਇਆ ।

2. ਇਸ ਸਬੰਧ ਵਿੱਚ ਸ੍ਰੀ ਸਤਪਾਲ ਸਿੰਘ, ਡਿਪਟੀ ਕੁਲੈਕਟਰ ਵੱਲੋਂ ਕਾਰਨ ਦੱਸੋ ਨੋਟਿਸ ਦਾ ਜਵਾਬ ਮਿਤੀ 29.5.2015 ਨੂੰ ਪੇਸ਼ ਕੀਤਾ ਗਿਆ ਜਿਸ ਨੂੰ ਨਾ ਤਸੱਲੀਬਖਸ਼ ਪਾਏ ਜਾਣ ਕਾਰਨ ਇਸ ਕੇਸ ਤੇ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਮਿਤੀ 9.9.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ।

3. ਇਸ ਅਧਿਕਾਰੀ ਵੱਲੋਂ ਨਿੱਜੀ ਸੁਣਵਾਈ ਸਮੇ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੇ ਸਾਰੇ ਪੱਖਾਂ ਨੂੰ ਵਿਚਾਰਨ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਸ੍ਰੀ ਸਤਪਾਲ ਸਿੰਘ, ਡਿਪਟੀ ਕੁਲੈਕਟਰ ਵੱਲੋਂ ਸ੍ਰੀ ਨਰਿੰਦਰ ਸਿੰਘ ਵੱਲੋਂ ਲਗਾਇਆ ਨਜਾਇਜ ਨੱਕਾ ਬੰਦ ਕਰਵਾਉਂਣ ਸਬੰਧੀ ਕਾਰਵਾਈ ਲਗਭਗ 3 ਮਹੀਨੇ ਤੋਂ ਵੀ ਵੱਧ ਸਮਾਂ ਬੀਤਣ ਉਪਰੰਤ ਕੀਤੀ, ਜਿਸ ਦੇ ਫਲਸਰੂਪ ਸ੍ਰੀ ਨਰਿੰਦਰ ਸਿੰਘ ਨਜਾਇਜ ਨੱਕਾ ਲਗਾ ਕੇ ਨਹਿਰੀ ਪਾਣੀ ਦੀ ਦੁਰਵਰਤੋਂ ਕਰਦਾ ਰਿਹਾ, ਜਿਸ ਤੋਂ ਇਹ ਸਾਬਤ ਹੋ ਗਿਆ ਹੈ ਕਿ ਇਸ ਅਣਗਹਿਲੀ ਲਈ ਇਹ ਅਧਿਕਾਰੀ ਜਿੰਮੇਵਾਰ ਹੈ ਅਤੇ ਇਸ ਵਿਰੁੱਧ ਕਾਰਨ ਦੱਸੋ ਨੋਟਿਸ ਵਿੱਚ ਲਗਾਏ ਗਏ ਸਮੂਹ ਦੋਸ ਸਾਬਤ ਹੁੰਦੇ ਹਨ।

4. ਇਸ ਲਈ ਸ੍ਰੀ ਸਤਪਾਲ ਸਿੰਘ, ਡਿਪਟੀ ਕੁਲੈਕਟਰ ਵੱਲੋਂ ਕੀਤੀ ਗਈ ਉਕਤ ਕੁਤਾਹੀ/ਅਣਗਹਿਲੀ ਕਾਰਨ ਇਸ ਦੀ ਇੱਕ ਸਾਲਾਨਾਂ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਦੇ ਬੰਦ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
17-9-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/30/2014-5ਸਿੰ:ਪ੍ਰੋ:2/597545/3 ਮਿਤੀ,ਚੰਡੀਗੜ੍ਹ: 29/9/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਵੈੱਬਸਾਈਟ ਤੇ ਪਾਓ